**ਨਿਊਜ਼** ਰਿਲੀਜ਼

# ਬਜ਼ੁਰਗਾਂ ਨਾਲ ਦੁਰਵਿਹਾਰ ਨੂੰ ਰੋਕਣ ਲਈ ਇਕੱਠਿਆਂ ਕੰਮ ਕਰਨਾਂ

19 ਜੁਲਾਈ 2022

## ਆਪਣੇ ਸੂਬੇ ਨੂੰ ਸੀਨੀਅਰਾਂ ਵਾਸਤੇ ਵਧੇਰੇ ਸੁਰੱਖਿਅਤ ਬਣਾਉਣ ਲਈ ਐਲਬਰਟਾ ਸਰਕਾਰ ਨਵੀਂ ਰੋਕਥਾਮ ਰਣਨੀਤੀ ਜਾਰੀ ਕਰਨ ਦੁਆਰਾ ਬਜ਼ੁਰਗਾਂ ਨਾਲ ਦੁਰਵਿਹਾਰ ਸਬੰਧੀ ਕਾਰਵਾਈ ਸ਼ੁਰੂ ਕਰ ਰਹੀ ਹੈ।

ਇਕ ਸਮੂਹਿਕ ਪਹੁੰਚ: ਬਜ਼ੁਰਗਾਂ ਨਾਲ  ਦੁਰਵਿਹਾਰ ਦੀ ਰੋਕਥਾਮ ਅਤੇ ਉਸ ਨਾਲ ਨਿਪਟਣ ਲਈ ਐਲਬਰਟਾ ਦੀ ਰਣਨੀਤੀ ਐਲਬਰਟਾ ਦੀ ਇਕ ਪੰਜ-ਸਾਲਾ ਰਣਨੀਤੀ ਹੈ ਜਿਹੜੀ ਅਗਵਾਈ ਦੇਵੇਗੀ ਕਿ ਕਿਵੇਂ ਐਲਬਰਟਾ ਨਿਵਾਸੀ, ਨਾਨ-ਪ੍ਰਾਫਿਟ ਸੰਸਥਾਵਾਂ, ਮੂਹਰਲੀ ਕਤਾਰ ਦੇ ਵਰਕਰ, ਬਿਜ਼ਨਸ ਅਤੇ ਸਰਕਾਰਾਂ ਬਜ਼ੁਰਗਾਂ ਨਾਲ ਦੁਰਵਿਹਾਰ ਦੀ ਰੋਕਥਾਮ ਅਤੇ ਉਸਨੂੰ ਘਟਾਉਣ ਵਾਸਤੇ ਇਕੱਠਿਆਂ ਰਲ਼ ਕੇ ਕੰਮ ਕਰ ਸਕਦੇ ਹਨ। ਇਸ 'ਚ ਬਜ਼ੁਰਗਾਂ ਨਾਲ ਦੁਰਵਿਹਾਰ ਦੀ ਅੱਪਡੇਟ ਕੀਤੀ ਪ੍ਰੀਭਾਸ਼ਾ ਵੀ ਸ਼ਾਮਲ ਹੈ ਜਿਹੜੀ ਕਮਿਊਨਿਟੀ ਭਾਈਵਾਲਾਂ ਨੂੰ ਸਪੱਸ਼ਟਤਾ ਪ੍ਰਦਾਨ ਕਰੇਗੀ ਅਤੇ ਬਜ਼ੁਰਗਾਂ ਨਾਲ ਦੁਰਵਿਹਾਰ ਦੀਆਂ ਘਟਨਾਵਾਂ ਸਬੰਧੀ ਮਿਆਰੀ ਅੰਕੜੇ ਇਕੱਠੇ ਕਰਨ ਅਤੇ ਜਾਣਕਾਰੀ ਸਾਂਝੀ ਕਰਨ ਨੂੰ ਵੀ ਬੜ੍ਹਾਵਾ ਦੇਵੇਗੀ।

"ਸਾਡੇ ਸੀਨੀਅਰ ਕਮਿਊਨਿਟੀ ਦੇ ਧਿਆਨਯੋਗ ਅਤੇ ਸਨਮਾਨਯੋਗ ਮੈਂਬਰ ਹੋਣ ਦੇ ਲਾਇਕ ਹਨ। ਅਫਸੋਸ, ਕਿ ਇਹ ਸਦਾ ਇਸ ਤਰ੍ਹਾਂ ਨਹੀਂ ਹੁੰਦਾ। ਸਾਰੇ ਐਲਬਰਟਾ ਨਿਵਾਸੀਆਂ ਨੂੰ ਬਜ਼ੁਰਗਾਂ ਨਾਲ ਹੁੰਦੇ ਦੁਰਵਿਹਾਰ ਨੂੰ ਰੋਕਣ ਲਈ ਇਕੱਠਿਆਂ ਮਿਲਕੇ ਕੰਮ ਕਰਨ ਦੀ ਲੋੜ ਹੈ। ਸਾਡੀ ਨਵੀਂ ਸਬੂਾਈ ਰਣਨੀਤੀ ਸਾਨੂੰ ਸਾਰਿਆਂ ਨੂੰ ਦੁਰਵਿਹਾਰ ਦੇ ਸੰਕੇਤ ਪਛਾਨਨ ਅਤੇ ਇਹ ਸਮਝਣ 'ਚ ਮਦਦ ਕਰੇਗੀ ਕਿ ਅਸੀਂ ਇਸਨੂੰ ਰੋਕਣ ਅਤੇ ਰਿਪੋਰਟ ਕਰਨ ਲਈ ਕਿਹੜੀ ਕਾਰਵਾਈ ਕਰ ਸਕਦੇ ਹਾਂ। ਮੈਂ ਸਾਰੇ ਐਲਬਰਟਾ ਨਿਵਾਸੀਆਂ ਨੂੰ ਇਹ ਰਣਨੀਤੀ ਪੜ੍ਹਨ ਵਾਸਤੇ ਅਤੇ ਇਸ ਸੰਵੇਦਨਸ਼ੀਲ ਤੇ ਮੂਲਕ ਸਮੱਸਿਆ ਉੱਪਰ ਚਾਨਣਾ ਪਾਉਣ ਲਈ ਉਤਸ਼ਾਹਤ ਕਰਦੀ ਹਾਂ।"

*Josephine Pon, ਮਿਨਿਸਟਰ ਆਫ ਸੀਨੀਅਰਜ਼ ਐਂਡ ਹਾਊਸਿੰਗ*



*ਰਣਨੀਤੀ ਦੇ ਜਾਰੀ ਕਰਨ ਲਈ ਮਿਨਿਸਟਰ ਪੌਨ ਨਾਲ ਸ਼ਾਮਲ ਸਨ Shantel Ottenbreit, ਚੇਅਰ, ਐਲਬਰਟਾ ਅਬਿਊਜ਼ ਅਵੇਅਰਨੈੱਸ ਕੌਂਸਲ, Areni Kelleppan, ਐਗਜ਼ੈਕੁਟਿਵ ਡਾਇਰੈਕਟਰ, ਸਟਾਪ ਅਬਿਊਜ਼ ਇੰਨ ਫੈਮਲੀਜ਼ ਸੁਸਾਇਟੀ ਅਤੇ Michele Markham , ਮੈਨੇਜਰ ਸੀਨੀਅਰਜ਼ ਸੇਫ ਹਾਊਸ, SAGE ਸੀਨੀਅਰਜ਼ ਐਸੋਸੀਏਸ਼ਨ*

ਇਹ ਰਣਨੀਤੀ ਭਾਈਵਾਲਾਂ, ਜਿਵੇਂ ਕਿ ਕਮਿਊਨਿਟੀ ਸੰਸਥਾਵਾਂ, ਮੁਹਰਲੀ ਕਤਾਰ ਦੇ ਵਰਕਰਾਂ, ਕਾਨੂੰਨ ਲਾਗੂ ਕਰਨ ਵਾਲਿਆਂ ਅਤੇ ਫੈਡਰਲ ਸਰਕਾਰ, ਨਾਲ ਸਹਿਯੋਗ ਕਰਨ ਦੇ ਮੌਕਿਆਂ ਦੀ ਨਿਸ਼ਾਨਦੇਹੀ ਕਰਦੀ ਹੈ। ਰਣਨੀਤੀ ਦੇ ਪੰਜ ਉਦੇਸ਼ ਹਨ:

1. ਬਜ਼ੁਰਗਾਂ ਨਾਲ ਦੁਰਵਿਹਾਰ ਕੀ ਹੈ, ਅਤੇ ਕਿਵੇਂ ਇਸਨੂੰ ਰੋਕਣਾ, ਪਛਾਣਨਾਂ ਅਤੇ ਇਸ ਨਾਲ ਨਿਪਟਣਾ ਹੈ, ਇਸ ਬਾਰੇ ਚੰਗੇਰੀ ਪ੍ਰਕਾਰ ਦੀ ਜਾਗਰੂਕਤਾ।
2. ਹੁਨਰ-ਯੁਕਤ ਸੇਵਾ ਪ੍ਰਦਾਨਕਰਤਿਆਂ ਲਈ ਟਰੇਨਿੰਗ, ਜਿੰਨ੍ਹਾਂ 'ਚ ਸ਼ਾਮਲ ਹੈ ਮੂਲਵਾਸੀ ਕਮਿਊਨਿਟੀਆਂ, ਸਿਹਤ ਪ੍ਰੋਫੈਸ਼ਨਲਾਂ ਅਤੇ ਰਿਹਾਇਸ਼ ਪ੍ਰਦਾਨਕਰਤਿਆਂ ਲਈ ਅਨੁਕੂਲਤ ਟਰੇਨਿੰਗ।
3. ਤਾਲਮੇਲ ਸਹਿਤ ਕਮਿਊਨਿਟੀ ਰਿਸਪਾਂਸ, ਜਿੱਥੇ ਕਮਿਊਨਿਟੀਆਂ ਅਤੇ ਭਾਈਵਾਲ ਬਜ਼ੁਰਗਾਂ ਨਾਲ ਦੁਰਵਿਹਾਰ ਨਾਲ ਨਿਪਟਣ ਲਈ ਅਸਰਦਾਰ ਕਿਸਮ ਦਾ ਤਾਲਮੇਲ ਕਰਦੇ ਹਨ।
4. ਸੀਨੀਅਰਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਬਣਾਈ ਰੱਖਣ ਲਈ ਸੁਰੱਖਿਆਮਈ ਕਾਨੂੰਨ ਅਤੇ ਪਾਲਿਸੀਆਂ।
5. ਸੁਧਰੀ ਪ੍ਰਕਾਰ ਦੇ ਅੰਕੜੇ, ਜਾਣਕਾਰੀ ਸਾਂਝੀ ਕਰਨਾਂ, ਖੋਜ ਅਤੇ ਮੁਲਾਂਕਣ ਜੋ ਮਜ਼ਬੂਤ ਪਾਲਿਸੀਆਂ ਅਤੇ ਪ੍ਰੋਗ੍ਰਾਮ ਰਿਸਪਾਂਸ ਨੂੰ ਸਮਰਥਨ ਦੇਣ, ਜਿੰਨ੍ਹਾਂ 'ਚ ਸ਼ਾਮਲ ਹੈ, ਜਾਗਰੂਕਤਾ, ਰੋਕਥਾਮ, ਅਗੇਤਾ ਦਖਲ ਅਤੇ ਨਿਗਰਾਨੀ।

## ਫੌਰੀ ਤੱਥ

- ਬਜ਼ੁਰਗਾਂ ਨਾਲ ਦੁਰਵਿਹਾਰ ਦੀ ਰੋਕਥਾਮ ਦੀ ਸਭ ਤੋਂ ਤਾਜ਼ਾ ਸੂਬਾਈ ਰਣਨੀਤੀ 10 ਸਾਲਾਂ ਤੋਂ ਵਧੇਰੇ ਪੁਰਾਣੀ ਹੈ। ਜਦੋਂ ਇਹ ਬਣਾਈ ਗਈ ਸੀ, ਉਸ ਸਮੇਂ ਤੋਂ ਲੈ ਕੇ ਹੁਣ ਤੱਕ ਐਲਬਰਟਾ ਦੀ ਸੀਨੀਅਰ ਵੱਸੋਂ ਦੁੱਗਣੀ ਹੋ ਕੇ 700,000 ਤੋਂ ਵਧੇਰੇ ਹੋ ਚੁੱਕੀ ਹੈ।
- ਬਜ਼ੁਰਗਾਂ ਨਾਲ ਦੁਰਵਿਹਾਰ ਹੁਣ ਦੀ ਰਣਨੀਤੀ 'ਚ ਇੰਜ ਪ੍ਰਿਭਾਸ਼ਤ ਕੀਤਾ ਗਿਆ ਹੈ ਜਿਵੇਂ, ਕੋਈ ਜਾਣ-ਬੁੱਝ ਕੇ ਕੀਤਾ ਜਾਂ ਲਾਪ੍ਰਵਾਹੀ ਨਾਲ ਹੋਇਆ ਕਾਰਜ ਜਾਂ ਇੱਛਾ ਸਹਿਤ ਅਤੇ ਬੇਧਿਆਨੀ 'ਚ ਕੀਤਾ ਅਪਮਾਨ, ਜੋ ਪਰਿਵਾਰਕ ਸਬੰਧਾਂ, ਟਰੱਸਟ ਜਾਂ ਨਿਰਭਰਤਾ ਦੀ ਸਥਿਤੀ 'ਚ ਵਾਪਰਦਾ ਹੈ, ਜੋ ਕਿਸੇ 65 ਸਾਲ ਜਾਂ ਵੱਧ ਦੀ ਉਮਰ ਵਾਲੇ ਵਿਅਕਤੀ 'ਤੇ ਸੇਧਿਤ ਹੁੰਦਾ ਹੈ, ਜਿਹੜਾ:
    - ਸਰੀਰਕ ਨੁਕਸਾਨ ਪੁਚਾਉਂਦਾ ਹੈ
    - ਭਾਵਨਾਤਮਕ ਜਾਂ ਮਨੋਵਿਗਿਆਨਕ ਨੁਕਸਾਨ ਪੁਚਾਉਂਦਾ ਹੈ
    - ਜਿਸ 'ਚ ਪੈਸੇ ਦੀ ਜਾਂ ਹੋਰ ਨਿੱਜੀ ਮਲਕੀਅਤਾਂ ਜਾਂ ਨਿੱਜੀ ਜਾਂ ਜ਼ਮੀਨੀ ਜ਼ਾਇਦਾਦ ਦਾ ਗਬਨ ਜਾਂ ਦੁਰਵਰਤੋਂ ਸ਼ਾਮਲ ਹੁੰਦੀ ਹੈ
    - ਕਿਸੇ ਵਿਅਕਤੀ ਨੂੰ ਉਸਦੀ ਮਰਜ਼ੀ ਬਗੈਰ ਲਿੰਗਕ ਛੂਹ, ਕਾਰਵਾਈ ਜਾਂ ਵਿਉਹਾਰ ਤਹਿਤ ਲਿਆਉਣਾ ਜਾਂ ਜ਼ਿੰਦਗੀ ਦੀਆਂ ਜ਼ਰੂਰਤਾਂ ਮੁਹੱਈਆ ਕਰਨ 'ਚ ਅਸਫਲ ਰਹਿਣਾ
- 2020 ਤੋਂ ਪਹਿਲਾਂ, ਇਹ ਅਨੁਮਾਨ ਲਾਇਆ ਗਿਆ ਸੀ ਕਿ ਐਲਬਰਟਾ ਦੇ 10 ਸੀਨੀਅਰਾਂ 'ਚੋਂ ਇਕ ਬਜ਼ੁਰਗਾਂ ਨਾਲ ਹੁੰਦੇ ਦੁਰਵਿਹਾਰ ਦਾ ਸ਼ਿਕਾਰ ਬਣਦਾ ਹੈ - ਇਹ ਕੈਨੇਡਾ 'ਚ ਸਭ ਤੋਂ ਵੱਧ ਪ੍ਰਤਿਸ਼ਤਤਾ ਹੈ।
- ਪਰਿਵਾਰਕ ਹਿੰਸਾ ਦੀਆਂ ਦਰਾਂ, ਸਮੇਤ ਬਜ਼ੁਰਗਾਂ ਨਾਲ ਦੁਰਵਿਹਾਰ, ਕੁਦਰਤੀ ਆਫਤਾਂ, ਪਬਲਿਕ ਸਿਹਤ ਸੰਕਟਾਂ ਅਤੇ ਆਰਥਿਕ ਨਿਘਾਰਾਂ ਦੌਰਾਨ ਜਾਂ ਉਨ੍ਹਾਂ ਉਪਰੰਤ ਵਧਣ ਦੀ ਰੁਚੀ ਰੱਖਦੀਆਂ ਹਨ।

## ਸਬੰਧਤ ਜਾਣਕਾਰੀ

- ਬਜ਼ੁਰਗਾਂ ਨਾਲ ਦੁਰਵਿਹਾਰ ਦੀ ਰੋਕਥਾਮ ਦੀ ਰਣਨੀਤੀ
- ਬਜ਼ੁਰਗਾਂ ਨਾਲ ਦੁਰਵਿਹਾਰ - ਮਦਦ ਲਵੋ
- ਬਜ਼ੁਰਗਾਂ ਨਾਲ ਦੁਰਵਿਹਾਰ ਪ੍ਰਤਿ ਤਾਲਮੇਲ-ਯੁਕਤ ਕਮਿਊਨਿਟੀ ਰਿਸਪਾਂਸ।

## ਮਲਟੀਮੀਡੀਆ

- [ਨਿਊਜ਼ ਕਾਨਫਰੰਸ ਨੂੰ ਵੇਖੋ]

## ਮੀਡੀਆ ਇਨਕੁਆਰੀਆਂ


**[Dylan Topal]**

780-886-2912
ਪ੍ਰੈੱਸ ਸੈਕਰੇਟਰੀ, ਸੀਨੀਅਰਜ਼ ਐਂਡ ਹਾਊਸਿੰਗ





Classification: Public